## September 2010

### ਸਿੱਟਾ-ਮੁੱਖੀ ਪ੍ਰਸ਼ਾਸਨਿਕ ਵਿਉਂਤਬੰਦੀ (RFD)

ਸਿੱਟਾ-ਮੁੱਖੀ ਪ੍ਰਸ਼ਾਸਨਿਕ ਵਿਉਂਤਬੰਦੀ ਅਰਥਾਤ ਰਿਜਲਟਸ ਫਰੇਮਵਰਕ ਡਾਕੂਮੈਂਟਸ (RFD) ਇਕ ਨਿਵੇਕਲਾ ਪ੍ਰਸ਼ਾਸਨਿਕ ਤਰੀਕਾ ਹੈ ਜਿਸ ਰਾਹੀਂ ਸਿੱਟਾ-ਮੁੱਖੀ ਕਾਰਗੁਜ਼ਾਰੀ ਨੂੰ ਯਕੀਨੀ ਬਣਾਇਆ ਜਾਂਦਾ ਹੈ। ਪਿਛਲੇ ਦਿਨੀਂ ਇਸ ਨਵੀਂ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਲਈ ਇਸ ਸੰਸਥਾ ਵਲੋਂ ਕਈ ਕਾਰਜਸ਼ਾਲਾਵਾਂ ਕਰਵਾਈਆਂ ਗਈਆਂ।

1 ਅਕਤੂਬਰ ਤੋਂ 31 ਮਾਰਚ ਤਕ ਦੀ ਛਿਮਾਹੀ ਲਈ ਵਿਭਾਗਾਂ ਵਲੋਂ ਤਿਆਰ ਕੀਤੇ ਆਰ.ਐਫ.ਡੀ.ਖਰੜਿਆਂ ਉਤੇ ਐਡਵਾਈਜ਼ਰੀ ਟਾਸਕ ਫੋਰਸਾਂ ਦੀਆਂ ਮੀਟਿੰਗਾਂ ਵਿਚ ਵਿਚਾਰ ਕੀਤਾ ਗਿਆ ਜਿਸ ਲਈ ਕੇਂਦਰੀ ਸਰਕਾਰ ਦੇ ਵਿਸ਼ਾ-ਮਾਹਿਰ ਵੀ ਬੁਲਾਏ ਗਏ ਸਨ। ਇਨ੍ਹਾਂ ਖਰੜਿਆਂ ਵਿਚ ਸੋਧ ਲਈ ਉਨ੍ਹਾਂ ਵਲੋਂ ਵੱਡਮੁਲੇ ਵਿਚਾਰ ਦਿੱਤੇ ਗਏ। ਕਈ ਵਿਭਾਗਾਂ ਦੇ ਖਰੜਿਆਂ ਵਿਚ ਨਿਰਾਸ਼ਾਜਨਕ ਘਾਟ ਪਾਈ ਗਈ, ਪਰੰਤੂ ਕੁਝ ਹੋਰ ਵਿਭਾਗਾਂ ਨੇ ਇਸ ਕੰਮ ਨੂੰ ਪੂਰੀ ਗੰਭੀਰਤਾ ਨਾਲ ਲਿਆ ਸੀ। ਸੈਰ-ਸਪਾਟਾ, ਉਚੇਰੀ ਸਿਖਿਆ, ਸਹਿਕਾਰਤਾ, ਉਦਯੋਗ, ਤਕਨੀਕੀ ਸਿਖਿਆ, ਸਾਇੰਸ ਅਤੇ ਟੈਕਨਾਲੋਜੀ, ਜਲ ਸਪਲਾਈ, ਖੁਰਾਕ ਸਪਲਾਈ, ਆਬਕਾਰੀ ਤੇ ਕਰ ਆਦਿ ਵਿਭਾਗਾਂ ਦੇ ਆਰ. ਐਫ. ਡੀ. ਦੀ ਏ. ਟੀ. ਐਫ. ਵਲੋਂ ਸ਼ਲਾਘਾ ਕੀਤੀ ਗਈ ਹੈ।

ਆਰ.ਐਫ.ਡੀ. ਹਾਲੇ ਮੁੱਢਲੇ ਪੜਾਅ ਤੇ ਹੈ ਅਤੇ ਇਸ ਵਿਚ ਗੁਣਵੱਤਾ ਦੀ ਦ੍ਰਿਸ਼ਟੀ ਤੋਂ ਅਨੇਕ ਸੁਧਾਰ ਲਿਆਏ ਜਾਣੇ ਰਹਿੰਦੇ ਹਨ। ਵਿਭਾਗੀ ਮਨੋਰਥਾਂ ਦੇ ਖਰੜੇ ਵਿਚ ਲੋਕ-ਮੁੱਖੀ ਪਹੁੰਚ ਦੀ ਘਾਟ ਨੂੰ ਪੂਰਾ ਕਰਨ ਲਈ ਵਿਭਾਗਾਂ ਵਲੋਂ ਨਜ਼ਰਸਾਨੀ ਦੀ ਲੋੜ ਹੈ। ਵਿਭਾਗਾਂ ਲਈ ਬਣਾਈਆਂ ਗਈਆਂ ਸੰਸਦੀ ਕਾਰਜ ਸਲਾਹਕਾਰ ਸੰਮਤੀਆਂ ਇਸ ਘਾਟ ਨੂੰ ਪੂਰਾ ਕਰ ਸਕਦੀਆਂ ਹਨ। ਇਸ ਸੰਸਥਾ ਵਲੋਂ ਲੋਕਾਂ ਨਾਲ ਮਸ਼ਵਰਾ-ਕਾਰਜਸ਼ਾਲਾਵਾਂ ਆਯੋਜਿਤ ਕੀਤੀਆਂ ਜਾਣਗੀਆਂ ਤਾਂ ਜੋ ਲੋਕਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਆਰ.ਐਫ.ਡੀ. ਮਨੋਰਥ ਪੱਤਰ ਵਿਚ ਸਹੀ ਤਰੀਕੇ ਨਾਲ ਦਰਜ ਕੀਤਾ ਜਾ ਸਕੇ। ਇਸ ਬਾਰੇ ਮੁੱਖ ਸਕੱਤਰ ਜੀ ਵਲੋਂ ਵਿਭਾਗੀ ਸਕੱਤਰਾਂ ਨੂੰ ਲਿਖੇ ਪੱਤਰ ਦਾ ਟੁਕ ਵਾਚਣ ਯੋਗ ਹੈ:

> ਪ੍ਰਸ਼ਾਸਨਿਕ ਸੁਧਾਰ, ਕਰਮਚਾਰੀਆਂ ਦੀ ਉਤਪਾਦਕਤਾ, ਖਰਚੀਆਂ ਨੂੰ ਘਟਾਉਣਾ, ਸ਼ਿਕਾਇਤ ਨਿਵਾਰਣ, ਸੇਵੋਉਤਮ, ਜਨਤਕ ਜਵਾਬਦੇਹੀ ਆਦਿ ਮੁਦਿੱਆਂ ਨੂੰ ਪਰਮ ਅਗੇਤ ਦੇਣੀ ਚਾਹੀਦੀ ਹੈ। ਨਵੇਂ-ਨਵੇਕਲੇ ਕਦਮਾਂ ਨੂੰ ਪ੍ਰੋਤਸ਼ਾਹਿਤ ਕਰਨ ਲਈ ਪੂਰੇ ਵਜਨ ਦਾ ਇਕ ਵਿਸ਼ੇਸ਼ ਹਿੱਸਾ ਇਨ੍ਹਾਂ ਗੱਲਾਂ ਤੇ ਮਖਸੂਸ ਹੋਣਾ ਚਾਹੀਦਾ ਹੈ।

ਪ੍ਰਸ਼ਾਸਨਿਕ ਕੁਸ਼ਲਤਾ ਇਕ ਗਤੀਸ਼ੀਲ ਪ੍ਰਕਿਆ ਹੈ ਕਿਉਂਕਿ ਵਿਕਾਸ, ਭਲਾਈ ਅਤੇ ਪ੍ਰਸ਼ਾਸਨਿਕ ਨਿਯਮਨ ਬਦਲਦੇ ਰਹਿੰਦੇ ਹਨ। ਰਾਜ-ਕਾਜ ਵਿਚ ਨਿੱਤ ਨਵੇਂ ਮਸਲੇ, ਮਨੋਰਥ ਅਤੇ ਸੁਝਾਅ ਸਾਹਮਣੇ ਆਉਂਦੇ ਹਨ ਜਿਸ ਨੂੰ ਪ੍ਰੋਗ੍ਰਾਮ ਦਾ ਰੂਪ ਦਿੱਤਾ ਜਾਣਾ ਹੁੰਦਾ ਹੈ। ਨਵੇਂ ਉਦੇਸ਼ਾਂ ਅਤੇ ਪ੍ਰੋਗ੍ਰਾਮਾਂ ਦੀ ਰਚਣਾ ਇਕ ਜ਼ਰੂਰੀ ਅਤੇ ਮੁਸ਼ਕਿਲ ਪ੍ਰਕਿਆ ਹੈ, ਨਾਲ ਹੀ ਇਹ ਅਤਿਅੰਤ ਮਹੱਤਵਪੂਰਣ ਵੀ ਹੈ ਕਿਉਂਕਿ ਆਰ.ਐਫ.ਡੀ. ਦੇ ਅਗਲੇ ਟੀਚਿਆਂ ਦਾ ਨਿਰਮਾਣ ਇਸ ਪ੍ਰਕਿਆ ਤੇ ਨਿਰਭਰ ਹੁੰਦਾ ਹੈ। ਸਿਰਫ ਚਲਦੇ ਪ੍ਰੋਗ੍ਰਾਮ ਅਤੇ ਟੀਚੇ ਹੀ ਸਾਡੇ ਯਤਨਾਂ ਦੇ ਦਾਇਰੇ ਵਿਚ ਨਹੀਂ ਹੋਣੇ ਚਾਹੀਦੇ ਹਨ। ਨਵੀਆਂ ਸੇਧਾਂ ਲਈ ਉਚੇਰੇ ਯਤਨ ਹਰ ਵੇਲੇ ਜ਼ਰੂਰੀ ਹਨ।

ਸਿੱਟਾ-ਮੁੱਖੀ ਇਸ ਵਿਉਂਤਬੰਦੀ ਰਾਹੀਂ ਪ੍ਰਸ਼ਾਸਨਿਕ ਢਾਂਚੇ ਵਿਚ ਕਈ ਚੰਗੀਆਂ ਤਬਦੀਲੀਆਂ ਆਉਣਗੀਆਂ – ਜਿਵੇਂਕਿ ਪ੍ਰਸ਼ਾਸਨਿਕ ਅਧਿਕਾਰਾਂ ਦਾ ਵਿਕੇਂਦਰੀਕਰਣ, ਹੇਠਲੇ ਅਧਿਕਾਰੀਆਂ ਦੀ ਜਵਾਬਦੇਹੀ, ਪ੍ਰਸ਼ਾਸਨਿਕ ਪਾਰਦਰਸ਼ਤਾ, ਬੇਲੋੜੇਂਦੇ ਤਬਾਦਲਿਆਂ ਤੇ ਰੋਕ ਅਤੇ ਵਿੱਤੀ ਰਾਸ਼ੀਆਂ ਨੂੰ ਸਮੇਂ ਸਿਰ ਜਾਰੀ ਕਰਨਾ, ਆਦਿ।

*B. K. Srivastava, IAS, Director General; dg@mgsipap.org: Phone: +91 94177 91431*